# ਮਿਤੀ 17-7-2010 ਨੂੰ ਸੰਗਰੂਰ ਅਤੇ ਮਾਨਸਾ ਜਿਲ੍ਹੇ ਦੇ ਦੌਰੇ ਸਬੰਧੀ ਨੋਟ

ਮੇਰੇ ਵਲੋਂ ਸੰਗਰੂਰ ਅਤੇ ਮਾਨਸਾ ਜਿਲ੍ਹਿਆਂ ਦਾ ਮਿਤੀ 17-7-2010 ਨੂੰ ਟੂਰ ਕੀਤਾ ਗਿਆ। ਹੇਠ ਲਿਖੀਆ ਉਣਤਾਈਆਂ ਨੋਟਿਸ ਵਿੱਚ ਆਈਆਂ, ਜਿਨ੍ਹਾਂ ਨੂੰ ਦੂਰ ਕਰਨ ਲਈ ਸਬੰਧਤ ਅਫਸਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

**ਜਿਲ੍ਹਾ ਸੰਗਰੂਰ**

1. **ਪੀ.ਐਚ.ਸੀ. ਨਦਾਮਪੁਰ (ਭਵਾਨੀਗੜ੍ਹ)**

(1) ਓ.ਪੀ.ਡੀ. ਰਜਿਸਟਰ ਨਹੀਂ ਲਗਾਇਆ ਹੋਇਆ ਸੀ। ਸਿਵਲ ਸਰਜਨ ਯਕੀਨੀ ਬਨਾਉਣ ਕਿ ਹਰ ਇੱਕ ਸੰਸਥਾ ਵਿੱਚ ਹਰ ਇੱਕ ਡਾਕਟਰ ਕੋਲ ਸਰਕਾਰੀ ਛਪਿਆ ਹੋਇਆ ਰਜਿਸਟਰ ਭੇਜਣ। ਜੇਕਰ ਮੁਸਕਲ ਪੇਸ ਆਉਂਦੀ ਹੋਵੇ ਤਾਂ ਐਮ.ਡੀ./ਪੀ.ਐਚ.ਐਸ.ਸੀ. ਅਤੇ ਐਮ.ਡੀ. ਐਨ.ਆਰ.ਐਚ.ਐਮ ਨਾਲ ਸੰਪਰਕ ਕਰਨ। ਫਿਰ ਵੀ ਜੇਕਰ ਕੋਈ ਸਮਸਿਆ ਹੋਵੇ ਤਾਂ ਮਾਰਕੀਟ ਵਿਚੋ ਇਹ ਰਜਿਸਟਰ ਮਿਲ ਜਾਂਦੇ ਹਨ ਅਤੇ ਉਹ ਰਜਿਸਟਰ ਹਰ ਇੱਕ ਡਾਕਟਰ ਨੂੰ ਖਰੀਦ ਕੇ ਦਿੱਤੇ ਜਾਣ। (**ਸਿਵਲ ਸਰਜਨ**)/ **ਐਮ.ਡੀ-ਐਨ.ਆਰ.ਐਚ.ਐਮ**

(2) ਸਕੂਲ ਹੈਲਥ ਪ੍ਰੋਗਰਾਮ ਦੀ ਚੈਕਿੰਗ ਲਈ ਕੋਈ ਕੈਲੰਡਰ ਮੈਡੀਕਲ ਅਫਸਰਾਂ ਨੂੰ ਨਹੀਂ ਦਿੱਤਾ ਗਿਆ। ਸਿਵਲ ਸਰਜਨ ਯਕੀਨੀ ਬਨਾਉਣ ਕਿ ਸਾਰੇ ਮੈਡੀਕਲ ਅਫਸਰਾਂ ਨੂੰ ਸਕੂਲ ਹੈਲਥ ਕੈਲੰਡਰ ਦਿੱਤਾ ਜਾਵੇ ਤਾਂ ਜੋ ਉਹ ਆਪਣਾ ਕੰਮ ਸੁਰੂ ਕਰ ਸਕਣ। (**ਸਿਵਲ ਸਰਜਨ**)/ **ਪ੍ਰੋਗਰਾਮ ਅਫਸਰ-ਸਕੂਲ ਹੈਲਥ**

(3) ਪੀ.ਐਚ.ਸੀ. ਨਦਾਮਪੁਰ ਨੂੰ 24x7 ਪੀ.ਐਚ.ਸੀ. ਡਿਕਲੇਅਰ ਕੀਤਾ ਗਿਆ ਹੈ। ਪ੍ਰੰਤੂ ਉਥੇ ਇੱਕ ਵੀ ਨਰਸ ਨਹੀਂ ਹੈ। ਨਰਸਾਂ ਦੀ ਨਿਯੁਕਤੀ ਲਈ ਕੇਸ ਸਿਵਲ ਸਰਜਨ ਵਲੋਂ ਚੰਗੀ ਤਰ੍ਹਾਂ ਪਰਸੂ ਨਹੀਂ ਕੀਤਾ ਗਿਆ। ਹੁਣ ਇਹ ਨਿਯੁਕਤੀਆਂ ਸਿਰੇ ਚੜਾਈਆਂ ਜਾਣ।(**ਸਿਵਲ ਸਰਜਨ**)/ **ਐਮ.ਡੀ-ਐਨ.ਆਰ.ਐਚ.ਐਮ**

(4) ਪੀ.ਐਚ.ਸੀ. ਨਦਾਮਪੁਰ ਵਿਖੇ ਸਬ ਸੈਂਟਰ ਵੀ ਬਣਿਆ ਹੋਇਆ ਹੈ। ਪ੍ਰੰਤੂ ਉਥੇ ਕੋਈ ਏ.ਐਨ.ਐਮ. ਅਗਸਤ, 2009 ਤੋਂ ਨਹੀਂ ਹੈ। ਸਿਵਲ ਸਰਜਨ ਦੱਸਣ ਦੀ ਖੇਚਲ ਕਰਨ ਕਿ ਉਥੇ ਏ.ਐਨ.ਐਮ. ਦੀ ਨਿਯੁਕਤੀ ਕਿਉਂ ਨਹੀਂ ਕੀਤੀ ਗਈ ? (**ਸਿਵਲ ਸਰਜਨ**)/ **ਐਮ.ਡੀ-ਐਨ.ਆਰ.ਐਚ.ਐਮ**

(5) ਪੀ.ਐਚ.ਸੀ. ਨਦਾਮਪੁਰ ਵਿਖੇ ਮੈਡੀਸਨ ਦੀ ਸਪਲਾਈ ਖਤਮ ਹੋ ਚੁੱਕੀ ਹੈ ਅਤੇ ਮੈਡੀਕਲ ਅਫਸਰ ਵਲੋਂ ਪੈਰਾਸੀਟਾਮੋਲ ਅਨਟਾਈਡ ਫੰਡ ਵਿਚੋਂ ਖਰੀਦੀ ਗਈ ਹੈ,ਜੋ ਕਿ ਵਾਜਬ ਨਹੀਂ ਹੈ। ਸਿਵਲ ਸਰਜਨ ਸਪਸਟ ਕਰਨ ਕਿ ਨਦਾਮਪੁਰ ਵਿਖੇ ਦਵਾਈਆਂ ਖਤਮ ਹੋਣ ਤੋਂ ਬਾਦ ਕੋਈ ਉਪਰਾਲਾ ਕਿਉਂ ਨਹੀਂ ਕੀਤਾ ਗਿਆ। ਇਸ ਲਈ ਸਬੰਧਤ ਐਸ.ਐਮ.ਓ. ਅਤੇ ਜੋ ਵੀ ਪ੍ਰੋਗਰਾਮ ਅਫਸਰ ਹਨ, ਉਨ੍ਹਾਂ ਦੀ ਜਿੰਮੇਵਾਰੀ ਫਿਕਸ ਕਰਨ। (**ਸਿਵਲ ਸਰਜਨ**)/ **ਡੀ.ਐਚ.ਐਸ**

(6) ਪੀ.ਐਚ.ਸੀ. ਦੀ ਬਿਲਡਿੰਗ ਦੀ ਰੈਨੋਵੇਸਨ ਦਾ ਕੰਮ ਚਾਲੂ ਨਹੀਂ ਕੀਤਾ ਗਿਆ। ਬਿਲਡਿੰਗ ਦੀ ਹਾਲਤ ਠੀਕ ਹੈ। ਪ੍ਰੰਤੂ ਲੇਬਰ ਰੂਮ ਬਨਾਉਣ ਵਾਲਾ ਹੈ। (**ਐਮ.ਡੀ. ਪੀ.ਐਚ.ਐਸ.ਸੀ**) ।

(7) ਪੀ.ਐਚ.ਸੀ. ਨਦਾਮਪੁਰ ਵਿਖੇ ਤੈਨਾਤ ਮੇਡੀਕਲ ਅਫਸਰ ਡਾ: ਮਹੀਪ ਕੌਰ ਵਲੋਂ ਰੋਜਾਨਾ ਲਗਭਗ 50 ਮੀਰਜਾਂ ਦੀ ਓ.ਪੀ.ਡੀ. ਦਾ ਕੰਮ ਵੇਖਿਆ ਜਾ ਰਿਹਾ ਹੈ,ਜੋ ਕਾਫੀ ਅੱਛਾ ਹੈ।

(8) ਪੀ.ਐਚ.ਐਸ.ਸੀ. ਨਦਾਮਪੁਰ ਦਾ ਸਾਈਨ ਬੋਰਡ ਨਾ ਤਾਂ ਮੇਨ ਰੋੜ ਤੇ ਲਗਾਇਆ ਗਿਆ ਹੈ ਅਤੇ ਨਾ ਹੀ ਪੀ.ਐਚ.ਸੀ. ਦੇ ਸਾਹਮਣੇ ਲਿੰਕ ਰੋੜ ਤੇ ਲਗਾਇਆ ਗਿਆ ਹੈ। (**ਸਿਵਲ ਸਰਜਨ**)

## 2. **ਪੀ.ਐਚ.ਸੀ. ਘਰਾਚੋ (ਭਵਾਨੀਗੜ੍ਹ)** ।

(1) ਕੋਈ ਸਾਈਨ ਬੋਰਡ ਨਾ ਤਾਂ ਮੇਨ ਰੋੜ ਤੇ ਲਗਾਇਆ ਹੋਇਆ ਸੀ ਅਤੇ ਨਾ ਹੀ ਪੀ.ਐਚ.ਸੀ. ਦੇ ਸਾਹਮਣੇ ਲਗਾਇਆ ਹੋਇਆ ਸੀ। (**ਸਿਵਲ ਸਰਜਨ/ਐਮ.ਡੀ. ਪੀ.ਐਚ.ਐਸ.ਸੀ**)

(2) ਪੀ.ਐਚ.ਸੀ. ਘਰਾਚੋ ਵਿਖੇ ਡਾ: ਜੀ.ਐਸ. ਮਾਨ ਲੱਗੇ ਹੋਏ ਹਨ। ਪ੍ਰੰਤੂ ਬਿਨ੍ਹਾਂ ਵਜਾਹ ਤੋਂ ਉਨ੍ਹਾਂ ਦੀ ਆਰਜੀ ਡਿਊਟੀ ਮੰਗਲਵਾਰ, ਵੀਰਵਾਰ ਅਤੇ ਸਨਿਚਰਵਾਰ ਨੂੰ ਭਵਾਨੀਗੜ੍ਹ ਵਿਖੇ ਲੱਗੀ ਹੋਈ ਹੈ। (**ਸਿਵਲ ਸਰਜਨ**)

(3) ਕੋਈ ਪਰਾਪਰ ਓ.ਪੀ.ਡੀ. ਰਜਿਸਟਰ ਨਹੀਂ ਲਗਾਇਆ ਹੋਇਆ (**ਸਿਵਲ ਸਰਜਨ**)

(4) ਪੀ.ਐਚ.ਸੀ. ਲਈ ਸਿਰਫ ਸਬ ਸੈਂਟਰ ਦੇ 2 ਕਮਰੇ ਹਨ ਅਤੇ ਉਥੇ ਪੀ.ਐਚ.ਸੀ. ਦੀ ਨਵੀਂ ਬਿਲਡਿੰਗ ਬਨਾਉਣ ਦੀ ਲੋੜ ਹੈ। (**ਸਿਵਲ ਸਰਜਨ/ਐਮ.ਡੀ. ਪੀ.ਐਚ.ਐਸ.ਸੀ**)

(5) ਪੀ.ਐਚ.ਸੀ. ਵਿੱਚ ਦਵਾਈਆਂ ਤਕਰੀਬਨ ਠੀਕ ਹਨ। ਪ੍ਰੰਤੂ ਉਥੇ ਪੈਰਾਸੀਟਾਮੋਲ ਦੀ ਕਮੀ ਪਾਈ ਗਈ। (**ਸਿਵਲ ਸਰਜਨ**)

**ਜਿਲ੍ਹਾ: ਮਾਨਸਾ**

ਮਾਨਸਾ ਜਿਲ੍ਹੇ ਵਿੱਚ 3 ਸਬ ਸੈਂਟਰ ਅਤੇ 2 ਪੀ.ਐਚ.ਸੀ. ਚੈਕ ਕੀਤੀਆਂ ਗਈਆਂ।

**3. ਪੀ.ਐਚ.ਸੀ. ਬਰੇਟਾ**

(1) ਰਿਟਾਇਰਡ ਮੈਡੀਕਲ ਅਫਸਰ ਵਲੋਂ ਡਲੀਵਰੀ ਦਾ ਅੱਛਾ ਕੰਮ ਸੁਰੂ ਕੀਤਾ ਹੋਇਆ ਹੈ।

(2) ਬਿਲਡਿੰਗ ਦੀ ਹਾਲਤ ਠੀਕ ਹੈ। ਪ੍ਰੰਤੂ ਉਸ ਨੂੰ ਸੀ.ਐਚ.ਸੀ. ਵਿੱਚ ਅਪਗਰੇਡ ਕੀਤਾ ਜਾ ਰਿਹਾ ਹੈ।

(3) ਪੀ.ਐਚ.ਸੀ. ਵਿੱਚ ਤੈਨਾਤ ਮੈਡੀਕਲ ਅਫਸਰ ਵਲੋਂ ਬੇਨਤੀ ਕੀਤੀ ਗਈ ਕਿ ਕੋਈ ਪਾਰਟ ਟਾਈਮ ਚੌਂਕੀਦਾਰ ਰਾਤ ਨੂੰ ਸੌਣ ਲਈ ਰੱਖਿਆ ਜਾਵੇ। ਇਹ ਪੀ.ਐਚ.ਸੀ. 24×7 ਵਿੱਚ ਆਉਂਦੀ ਹੈ। 15●●/- ਪ੍ਰਤੀ ਮਹੀਨੇ ਦੇ ਹਿਸਾਬ ਨਾਲ ਇਸ ਸਬੰਧ ਵਿੱਚ ਖਰਚ ਕਰਨ ਲਈ ਸੁਝਾਓ ਰੱਖ ਕੇ ਐਸ.ਪੀ.ਐਮ./ ਐਨ.ਆਰ.ਐਚ.ਐਮ. ਕੇਸ ਪੁੱਟ-ਅਪ ਕਰਨ। (**ਐਸ.ਪੀ.ਐਮ./ ਐਨ.ਆਰ.ਐਚ.ਐਮ.**)

**4. ਸਬ ਸੈਂਟਰ ਰਾਮਪੁਰ ਮੰਡੇਲ ਬੋਹਾ, ਮਾਲਕੋ**

1. ਸਬ ਸੈਂਟਰ ਰਾਮਪੁਰ ਮੰਡੇਲ ਚੈਕ ਕੀਤਾ ਗਿਆ। ਉਸ ਦਾ ਕੰਮ ਠੀਕ-ਠਾਕ ਪਾਇਆ ਗਿਆ।

2. ਏ.ਐਨ.ਐਮ. ਕੋਲ ਰਜਿਸਟਰ ਖਤਮ ਹੋ ਚੁੱਕਾ ਸੀ ਅਤੇ ਉਥੇ ਦਵਾਈਆਂ ਦੀ ਵੀ ਕੋਈ ਘਾਟ ਨਹੀਂ ਸੀ।

**1. ਕਿੱਟ "ਏ" ਅਤੇ ਕਿੱਟ "ਬੀ" ਸਬੰਧੀ**

1. ਕਿੱਟ "ਏ" ਅਤੇ ਕਿੱਟ "ਬੀ" ਦੀ ਡਿਸਟਰੀਬਿਊਸਨ ਡਾਕਟਰਾਂ ਨੂੰ ਠੀਕ ਤਰੀਕੇ ਨਾਲ ਨਹੀਂ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਕਿੱਟ "ਏ" ਵਿੱਚ ਕੇਵਲ 4 - 5 ਪੈਕਟ ਹੀ ਆਏ ਹਨ ਅਤੇ ਕਈ ਥਾਵਾਂ ਤੇ ਕਿੱਟ "ਏ" ਵਿੱਚ ਮੇਨ ਪੈਕਟ ਹੀ ਨਹੀਂ ਮਿਲੇ ਅਤੇ ਕਈ ਥਾਵਾਂ ਤੇ ਕਿੱਟ "ਏ" ਦੇ ਇੱਕ ਦੋ ਪੈਕਟ ਹੀ ਮਿਲੇ ਹਨ। ਐਮ.ਡੀ- ਐਨ.ਆਰ.ਐਚ.ਐਮ ਵਲੋਂ ਸਾਰੇ ਸਿਵਲ ਸਰਜਨਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਕਿੱਟ "ਏ" ਅਤੇ ਕਿੱਟ "ਬੀ" ਦੀ ਸਪਲਾਈ ਚੰਗੀ ਤਰ੍ਹਾਂ ਕੀਤੀ ਜਾਵੇ ਅਤੇ ਕਿੱਟ "ਏ" ਦੇ ਜਿਨ੍ਹੇ ਵੀ ਬਕਸੇ ਹਨ, ਉਹ ਸਬ ਸੈਂਟਰਾਂ ਵਿੱਚ ਰੱਖੇ ਜਾਣ । (**ਐਮ.ਡੀ- ਐਨ.ਆਰ.ਐਚ.ਐਮ**)

2. **ਆਈ.ਈ.ਸੀ. ਮੈਟੀਰੀਅਲ**

ਜੋ ਆਈ.ਈ.ਸੀ. ਮੈਟੀਰੀਅਲ ਸਬ ਸੈਂਟਰਾਂ ਲਈ ਭੇਜਿਆ ਜਾਂਦਾ ਹੈ, ਉਹ ਵੀ ਕਿਸੇ ਵੀ ਸਬ ਸੈਂਟਰ ਵਿੱਚ ਵੇਖਣ ਨੂੰ ਨਹੀਂ ਮਿਲਿਆ। ਐਸ.ਪੀ.ਐਮ- ਐਨ.ਆਰ.ਐਚ.ਐਮ ਜੋ ਇਹ ਸਾਰਾ ਮੈਟੀਰੀਅਲ ਜਿਲ੍ਹਾ ਸਬ ਸੈਂਟਰਾਂ ਨੂੰ ਭੇਜਦੇ ਹਨ ਉਸ ਜਿਲ੍ਹੇ ਦੇ ਸਿਵਲ ਸਰਜਨ, ਡੀ.ਪੀ.ਐਮ. ਅਤੇ ਬੀ.ਸੀ.ਸੀ. ਕੋਆਰਆਰਡੀਨੇਟਰ ਨੂੰ ਕਾਪੀ ਭੇਜ ਕਿ ਉਨ੍ਹਾਂ ਤੋਂ ਸਰਟੀਫਿਕੇਟ ਲੈਣ ਕਿ ਉਨ੍ਹਾਂ ਵਲੋਂ ਇਹ ਸਾਰਾ ਮੈਟੀਰੀਅਲ ਡਿਸਪੋਜ ਆਫ ਹੋ ਗਿਆ ਹੈ। (**ਐਸ.ਪੀ.ਐਮ- ਐਨ.ਆਰ.ਐਚ.ਐਮ**) / **ਸਿਵਲ ਸਰਜਨ, ਮਾਨਸਾ, ਸੰਗਰੂਰ**)

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ
03-08-2010

1. ਐਮ.ਡੀ.- ਐਨ.ਆਰ.ਐਚ.ਐਮ, ਪੰਜਾਬ,
2. ਐਮ.ਡੀ.-ਪੀ.ਐਚ.ਐਸ.ਸੀ., ਮੋਹਾਲੀ,
3. ਸਿਵਲ ਸਰਜਨ, ਸੰਗਰੂਰ ਅਤੇ ਮਾਨਸਾ।